# ਸਾਲਾਨਾ ਬਜਟ ਦਾ ਸੱਠ ਫੀ ਸਦੀ ਤੋਂ ਵੀ ਜ਼ਿਆਦਾ ਹਿੱਸਾ ਸੂਦਖੋਰਾਂ ਦੇ ਹਵਾਲੇ

ਹਾਲ ਵਿਚ ਹੀ ਖਜ਼ਾਨਾ ਮੰਤ੍ਰੀ ਪ੍ਰਣਾਬ ਮੁਖਰਜੀ ਨੇ ਪਾਰਲੀਮੈਂਟ ਵਿਚ 2010-11 ਦਾ ਬਜਟ ਪੇਸ਼ ਕੀਤਾ। ਮਨਮੋਹਨ ਸਿੰਘ, ਕਾਂਗਰਸ ਪਾਰਟੀ ਅਤੇ ਵੱਡੇ ਸਰਮਾਏਦਾਰਾਂ ਨੇ ਇਸ ਬਜਟ ਦੀ ਬਹੁਤ ਹੀ ਤਾਰੀਫ ਕੀਤੀ ਹੈ। ਮੀਡੀਆ ਵਾਲਿਆਂ ਨੇ ਵੀ ਇਸ ਬੱਜਟ ਦੀ ਬੜੀ ਸ਼ਲਾਘਾ ਕੀਤੀ ਹੈ।

ਮੁਖ਼ਾਲਿਫ਼ ਪਾਰਟੀਆਂ ਨੇ ਪਾਰਲੀਮੈਂਟ ਚੋਂ ਬਜਟ ਦੇ ਵਿਰੋਧ ਵਿਚ ਵਾਕ ਆਉਟ ਕੀਤਾ। ਉਨ੍ਹਾਂ ਦਾ ਕਹਿਣਾ ਸੀ ਕਿ ਇਹ ਬਜਟ ਪਟਰੋਲ ਅਤੇ ਗੈਸ ਦੀਆਂ ਕੀਮਤਾਂ ਵਿਚ ਵਾਧਾ ਕਰਕੇ ਆਮ ਆਦਮੀ ਤੇ ਮਹਿੰਗਾਈ ਦਾ ਭਾਰ ਹੋਰ ਵੀ ਵਧਾ ਦੇਵੇਗਾ। ਸਿਆਸੀ ਪੰਡਤਾਂ ਨੇ ਮੁਖਾਲਫ਼ ਪਾਰਟੀਆਂ ਦੇ ਇਸ ਰਵਈਏ ਨੂੰ ਬਹੁਤ ਗੈਰ ਜ਼ਿੰਮੇਵਾਰ ਅਤੇ ਪਾਰਲੀਮੈਂਟ ਦੀ ਸ਼ਾਨ ਦੇ ਖ਼ਿਲਾਫ਼ ਕਿਹਾ ਹੈ।

ਇਸ ਬਜਟ ਵਿਚ ਕੁਲ 6,44000 ਕਰੋੜ ਦਾ ਖ਼ਰਚਾ ਪੇਸ਼ ਕੀਤਾ ਗਿਆ ਹੈ, ਜਿਸ ਵਿਚੋਂ 3,85000 ਕਰੋੜ ਰੁਪਿਆ ਮੂਲ ਅਤੇ ਸੂਦ ਦੇ ਰੂਪ ਵਿਚ ਸੂਦਖੋਰਾਂ ਨੂੰ ਦਿਤਾ ਜਾਵੇਗਾ। ਇਹ ਸਾਲਾਨਾ ਬਜਟ ਦਾ 61 ਫੀ ਸਦੀ ਹਿੱਸਾ ਬਣਦਾ ਹੈ।

ਖੇਤੀ ਬਾੜੀ, ਸਨਅਤ, ਸੜਕਾਂ, ਬਿਜਲੀ  ਅਤੇ ਕਮਿਉਨੀਕੇਸ਼ਨ ਤੇ 25,000 ਕਰੋੜ ਰੁਪਿਆ ਖ਼ਰਚ ਕੀਤਾ ਜਾਵੇਗਾ ਜਿਹੜਾ ਕਿ ਇਸ ਬਜਟ ਦਾ ਸਿਰਫ਼ ਚਾਰ ਫੀ ਸਦੀ ਹਿੱਸਾ ਹੈ। ਇਸੇ ਤਰਾਂ ਸਿਹਤ, ਅਤੇ ਤਾਲੀਮ ਤੇ 29000 ਕਰੋੜ ਰੁਪਿਆ ਖ਼ਰਚ ਕੀਤਾ ਜਾਵੇਗਾ ਜੋ ਕਿ ਸਾਲਾਨਾ ਬਜਟ ਦਾ ਸਿਰਫ਼  ਸਾਢੇ ਚਾਰ ਫੀ ਸਦੀ ਦੇ ਕਰੀਬ ਹਿੱਸਾ ਹੈ। ਫੌਜ ਅਤੇ ਪੁਲੀਸ ਤੇ ਤਕਰੀਬਨ ਇਕ ਲੱਖ ਕਰੋੜ ਰੁਪਿਆ ਖ਼ਰਚ ਕੀਤਾ ਜਾਵੇਗਾ ਜੋ ਕਿ ਇਸ ਬਜਟ ਦਾ ਪੰਦਰਾਂ ਫੀ ਸਦੀ ਹਿੱਸਾ ਹੈ। ਇਸ ਤਰਾਂ ਫੌਜ, ਪੁਲੀਸ ਅਤੇ ਸੂਦਖੋਰਾਂ ਤੇ ਬਜਟ ਦਾ 75 ਫੀ ਸਦੀ ਹਿੱਸਾ ਖ਼ਰਚ ਕੀਤਾ ਜਾਵੇਗਾ।

ਪਹਿਲਾਂ ਵਾਂਗ ਇਸ ਵਾਰ ਵੀ ਕਿਸੇ ਵੀ ਮੁਖਾਲਿਫ ਪਾਰਟੀ ਬੀ ਜੇ ਪੀ, ਸੀ ਪੀ ਆਈ (ਐਮ), ਬੀ ਐਸ ਪੀ ਜਾਂ ਕਿਸੇ ਵੀ ਹੋਰ ਪਾਰਟੀ ਨੇ ਇਸ ਗੱਲ ਦਾ ਵਿਰੋਧ ਨਹੀਂ ਕੀਤਾ ਕਿ ਬਜਟ ਦਾ 61 ਫੀ ਸਦੀ ਹਿੱਸਾ ਸੂਦਖੋਰਾਂ ਨੂੰ ਕਿਉਂ ਦਿਤਾ ਜਾ ਰਿਹਾ ਹੈ ਅਤੇ ਸਿਹਤ ਅਤੇ ਤਾਲੀਮ ਉੱਤੇ ਐਨਾ ਘੱਟ ਪੈਸਾ ਕਿਉਂ ਖ਼ਰਚ ਕੀਤਾ ਜਾ ਰਿਹਾ ਹੈ ਅਤੇ ਖੇਤੀ ਬਾੜੀ, ਸਨਅਤ, ਸੜਕਾਂ ਤੇ ਬਿਜਲੀ ਤੇ ਐਨਾ ਘੱਟ ਪੈਸਾ ਕਿਉਂ ਖ਼ਰਚ ਕੀਤਾ ਜਾ ਰਿਹਾ ਹੈ।

ਜਦੋਂ ਵੀ ਲੋਕਾਂ ਦੀਆਂ ਲੋੜਾਂ ਦਾ ਸੁਆਲ ਆਉਂਦਾ ਹੈ ਤਾਂ ਹਾਕਮ ਪਾਰਟੀ ਅਤੇ ਮੁਖ਼ਾਲਫ਼ ਪਾਰਟੀਆਂ ਇਹੋ ਰੌਲਾ ਪਾਉਂਦੀਆਂ ਹਨ ਕਿ ਪੈਸਾ ਨਹੀਂ ਹੈ। ਜਦੋਂ ਬਜਟ ਦਾ 61 ਫੀ ਸਦੀ ਹਿੱਸਾ ਸੂਦਖੋਰਾਂ ਨੂੰ ਹੀ ਦੇ ਦੇਣਾ ਹੈ ਤਾਂ ਲੋਕਾਂ ਲਈ ਪੈਸਾ ਕਿੱਥੋਂ ਆਵੇਗਾ। ਇਨ੍ਹਾਂ ਚੋਂ ਕੋਈ ਵੀ ਪਾਰਟੀ ਬਜਟ ਦੇ ਦੌਰਾਨ ਪਾਰਲੀਮੈਂਟ ਵਿਚ ਜਾਂ ਉਸਦੇ ਬਾਹਰ ਇਹ ਮੁੱਦਾ ਕਦੀ ਵੀ ਨਹੀਂ ਉਠਾਉਂਦੀ ਕਿ ਸੂਦਖੋਰਾਂ ਨੂੰ ਬਜਟ ਦਾ ਐਨਾ ਵੱਡਾ ਹਿੱਸਾ ਨਾ ਦਿਤਾ ਜਾਵੇ।

ਮਿਸਾਲ ਦੇ ਤੌਰ ਤੇ ਜੇ ਇਨ੍ਹਾਂ ਸੂਦਖੋਰਾਂ ਨੂੰ ਸਿਰਫ਼ ਪੰਜ ਸਾਲ ਹੀ ਕੋਈ ਪੈਸਾ ਨਾ ਦਿੱਤਾ ਜਾਵੇ ਤਾਂ ਹਿੰਦੁਸਤਾਨ ਵਿਚੋਂ ਜਹਾਲਤ ਅਤੇ ਗਰੀਬੀ ਖ਼ਤਮ ਹੋ ਸਕਦੀ ਹੈ। ਹਿੰਦੁਸਤਾਨ ਗਰੀਬ ਮੁਲਕ ਨਹੀਂ ਹੈ। ਇਥੇ ਦੇ ਮਜ਼ਦੂਰ ਕਿਸਾਨ ਅਤੇ ਹੋਰ ਮਿਹਨਤਕਸ਼ ਲੋਕ ਬਹੁਤ ਜ਼ਿਆਦਾ ਦੌਲਤ ਪੈਦਾ ਕਰਦੇ ਹਨ। ਪਰ ਰਾਜ ਤੰਤ੍ਰ, ਸਰਕਾਰ ਅਤੇ ਸਿਆਸੀ ਪਾਰਟੀਆਂ ਇਹ ਦੌਲਤ ਉਨ੍ਹਾਂ ਤੋਂ ਖੋਹ ਕੇ ਸਰਮਾਏਦਾਰਾਂ ਅਤੇ ਸੂਦਖੋਰਾਂ ਦੇ ਹਵਾਲੇ ਕਰ ਦਿੰਦੇ ਹਨ। ਲੋਕ ਜਦੋਂ ਇਸਦਾ ਵਿਰੋਧ ਕਰਦੇ ਹਨ ਤਾਂ ਉਨ੍ਹਾਂ ਤੇ ਜ਼ੁਲਮ ਅਤੇ ਤਸ਼ੱਦਦ ਕੀਤਾ ਜਾਂਦਾ ਹੈ। ਇਸ ਸਰਕਾਰੀ ਜ਼ੁਲਮ ਅਤੇ ਤਸ਼ੱਦਦ ਲਈ ਉਹ ਫੌਜ ਅਤੇ ਪੁਲੀਸ ਤੇ ਬਹੁਤ ਜ਼ਿਆਦਾ ਪੈਸਾ ਵੀ ਖ਼ਰਚ ਕਰਦੇ ਹਨ।

1947 ਤੋਂ ਹੀ ਇਹ ਸਿਲਸਿਲਾ ਚਲ ਰਿਹਾ ਹੈ ਭਾਵੇ ਕੋਈ ਵੀ ਪਾਰਟੀ ਤਾਕਤ ਵਿਚ ਰਹੀ ਹੋਵੇ। ਸੂਦਖੋਰਾਂ ਦੇ ਮੁਨਾਫ਼ੇ ਵਧਦੇ ਜਾਂਦੇ ਹਨ ਅਤੇ ਲੋਕਾਂ ਦੀ ਹਾਲਾਤ ਬਦ ਤੋਂ ਬਦਤਰ ਹੁੰਦੀ ਜਾਂਦੀ ਹੈ, ਉਨ੍ਹਾਂ ਤੇ ਤਸ਼ੱਦਦ ਵੀ ਵਧਦਾ ਜਾਂਦਾ ਹੈ। ਲੋਕਾਂ ਨੂੰ ਇਹ ਮਸਲਾ ਆਪਣੇ ਹੱਥ ਵਿਚ ਲੈ ਕੇ ਹੀ ਹੱਲ ਕਰਨਾ ਪਵੇਗਾ। ਪਿਛਲੇ 63 ਸਾਲ ਦਾ ਤਜਰਬਾ ਇਹ ਦੱਸਦਾ ਹੈ ਕਿ ਉਹ ਕਿਸੇ ਵੀ ਸਿਆਸੀ ਪਾਰਟੀ ਜਾਂ ਰਾਜ ਤੰਤ੍ਰ ਦੇ ਕਿਸੇ ਵੀ ਅਦਾਰੇ ਤੇ ਇਸ ਮਸਲੇ ਦੇ ਹੱਲ ਲਈ ਨਿਰਭਰ ਨਹੀਂ ਕਰ ਸਕਦੇ। ਜਦੋਂ ਬਜਟ ਦਾ 61 ਫੀ ਸਦੀ ਸੂਦਖੋਰਾਂ ਨੂੰ ਦੇ ਦਿਤਾ ਜਾਵੇ ਤਾਂ ਇਸ ਵਿਚ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਸਰਕਾਰ ਕੋਲ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਪੈਸਾ ਨਹੀਂ। ਇਸ ਸਾਲ ਦਾ ਬਜਟ ਇਕ ਵਾਰੀ ਫਿਰ ਸਾਫ਼ ਕਰਦਾ ਹੈ ਕਿ ਹਾਕਮ ਜਮਾਤਾਂ, ਉਨ੍ਹਾਂ ਦੀਆਂ ਪਾਰਟੀਆਂ ਅਤੇ ਰਾਜ ਤੰਤ੍ਰ ਲੋਕਾਂ ਦੀ ਮਿਹਨਤ ਅਤੇ ਕੁਦਰਤੀ ਸਾਧਨਾਂ ਦੀ ਲੁੱਟ ਕਰਨ ਲਈ ਹੀ ਹਰੇਕ ਕਦਮ ਚੁੱਕਦੇ ਹਨ। ਲੋਕਾਂ ਨੂੰ ਆਪਣੇ ਹਾਲਾਤ ਸੁਧਾਰਨ ਲਈ ਇਸ ਸਿਲਸਿਲੇ ਨੂੰ ਖ਼ਤਮ ਕਰਨਾ ਪਵੇਗਾ।